**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/79765-784
ਮਿਤੀ ਚੰਡੀਗੜ੍ਹ 15.12.09

**ਵਿਸ਼ਾ:-ਵਿਦਿਆਰਥੀਆਂ ਨੂੰ ਭੇਜੀਆਂ ਗਈਆਂ ਅਭਿਆਸ ਪੁਸਤਕਾਂ ਤੇ ਕੰਮ ਕਰਵਾਉਣ ਸਬੰਧੀ।**

**ਹਵਾਲਾ: ਏ.ਐਸ.ਪੀ.ਡੀ/ਮੀਡੀਆ/2009/69061-69080 ਮਿਤੀ ਚੰਡੀਗੜ੍ਹ 23.9.09 ਅਤੇ ਏ.ਐਸ.ਪੀ.ਡੀ/ਮੀਡੀਆ/2009/72939-72958, 72959 ਮਿਤੀ ਚੰਡੀਗੜ੍ਹ 20.10.09।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਚੰਡੀਗੜ੍ਹ ਵੱਲੋਂ ਹਰ ਸਾਲ ਬੱਚਿਆਂ ਨੂੰ ਪਾਠ ਪੁਸਤਕਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।ਇਹਨਾਂ ਦੇ ਨਾਲ ਅਭਿਆਸ ਪੁਸਤਕਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਵੀ ਬੱਚਿਆਂ ਦੇ ਗਣਿਤ ਅਤੇ ਭਾਸ਼ਾ ਦੇ ਸੁਧਾਰ ਪੱਖੋਂ ਵੀ ਅਭਿਆਸ ਪੁਸਤਕਾਂ ਤਿਆਰ ਕਰਕੇ ਦਿੱਤੀਆਂ ਗਈਆਂ ਹਨ। ਪਰ ਦੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਅਧਿਆਪਕ ਇਹਨਾਂ ਅਭਿਆਸ ਪੁਸਤਕਾਂ ਤੇ ਬੱਚਿਆਂ ਨੂੰ ਹਰ ਰੋਜ਼ ਕੰਮ ਨਹੀਂ ਕਰਵਾਉਂਦੇ ਜਦ ਕਿ ਅਭਿਆਸ ਪੁਸਤਕਾਂ ਦਾ ਮਨੋਰਥ ਬੱਚੇ ਨੂੰ ਰੋਜ਼ਾਨਾ ਕੰਮ ਕਰਵਾਉਣਾ ਅਤੇ ਉਹਨਾਂ ਨੂੰ ਅਭਿਆਸ ਰਾਹੀਂ ਲਿਖਣ ਦੀ ਆਦਤ ਪਾਉਣਾ ਹੈ। ਸੋ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਅਧਿਆਪਕ ਹਰ ਰੋਜ਼ ਬੱਚਿਆਂ ਨੂੰ ਅਭਿਆਸ ਪੁਸਤਕਾਂ ਤੇ ਕੰਮ ਕਰਵਾਉਣ ਅਤੇ ਵਿਦਿਆਰਥੀਆਂ ਦੁਆਰਾ ਕੀਤੇ ਗਏ ਕੰਮ ਨੂੰ ਚੈੱਕ ਵੀ ਕਰਨ।

3.0 ਇਸ ਗੱਲ ਦਾ ਜ਼ਰੂਰ ਧਿਆਨ ਰੱਖਿਆ ਜਾਵੇ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਦੇ ਸਮੇਂ ਦੌਰਾਨ ਕਿਸੇ ਬੱਚੇ ਨੂੰ ਅਭਿਆਸ ਪੁਸਤਕ ਤੇ ਮਹਿਲ ਅੰਦਰ ਕੰਮ ਨਾ ਕਰਵਾਇਆ ਜਾਵੇ ਇਹ ਕੰਮ ਸਕੂਲ ਦੇ ਬਾਕੀ ਬਚਦੇ ਸਮੇਂ ਵਿੱਚ ਹੀ ਕਰਵਾਉਣਾ ਹੈ।

4.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/79785 ਮਿਤੀ 15.12.09

ਉਤਾਰਾ:(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**